## ਸੋਸ਼ਲ ਵਰਕਰ ਲਈ

# ਐਬੋਰਸ਼ਨ ਐਕਸੈਸ ਚੈੱਕਲਿਸਟ



## ਰੈਫਰਲ

- ਕੀ ਮੇਰੇ ਕੋਲ ਗਰਭਪਾਤ ਨਾਲ ਸਬੰਧਤ ਸਰੋਤਾਂ ਦੀ ਇੱਕ ਵਿਸ਼ਾਲ ਸੂਚੀ ਹੈ?
- ਲਿੰਗ ਦੀ ਪੁਸ਼ਟੀ ਕਰਨ ਵਾਲੇ ਡਾਕਟਰ + ਗਰਭਪਾਤ ਕਲੀਨਿਕ
- ਅਪਾਹਜ ਲੋਕਾਂ ਲਈ ਲੈਸ ਹਸਪਤਾਲ/ਕਲੀਨਿਕ
- ਸੱਭਿਆਚਾਰਕ ਤੌਰ 'ਤੇ ਜਾਗਰੂਕ ਕਲੀਨਿਕ
- ਨਸ਼ਾ ਨਿਰੋਧਕ ਸਾਈਟਾਂ
- ਸਦਮੇ ਬਾਰੇ ਸੂਚਿਤ ਮਾਨਸਿਕ ਸਿਹਤ ਸੇਵਾਵਾਂ
- ਜਿਨਸੀ ਸ਼ੋਸ਼ਣ ਸਹਾਇਤਾ ਕੇਂਦਰ
- ਵਕੀਲ ਅਤੇ ਕਾਨੂੰਨੀ ਸੇਵਾਵਾਂ

## ਸਿਸਟਮ ਨੂੰ ਨੈਵੀਗੇਟ ਕਰਨਾ

- ਕੀ ਮੈਂ ਆਪਣੇ ਕਲਾਇੰਟ ਨੂੰ ਘੱਟ ਕੀਮਤ ਵਾਲੀਆਂ ਜਾਂ ਮੁਫਤ ਗਰਭਪਾਤ ਸੇਵਾਵਾਂ ਲਈ ਰੈਫਰ ਕਰ ਸਕਦਾ/ਸਕਦੀ ਹਾਂ?
- ਕੀ ਮੈਂ ਕਲਾਇੰਟ ਨੂੰ ਉਹਨਾਂ ਨਾਮਾਂ ਅਤੇ ਪੜਨਾਂਵ ਦੀ ਵਰਤੋਂ ਕਰਦੇ ਹੋਏ ਗਰਭਪਾਤ ਸੇਵਾਵਾਂ ਲਈ ਰੈਫਰ ਕੀਤਾ ਹੈ ਜੋ ਉਹ ਆਪਣੇ ਲਈ ਵਰਤਦੇ ਹਨ?
- ਕੀ ਮੈਂ ਗਰਭਪਾਤ ਦੀ ਪ੍ਰਕਿਰਿਆ ਵਿੱਚ ਸ਼ਾਮਲ ਯਾਤਰਾ, ਰਿਹਾਇਸ਼ ਅਤੇ ਸੰਭਾਵੀ ਖਰਚਿਆਂ ਬਾਰੇ ਚਰਚਾ ਕੀਤੀ ਹੈ?
- ਕੀ ਮੈਂ ਆਪਣੇ ਕਲਾਇੰਟ ਨਾਲ ਦਰਦ ਜਾਂ ਚਿੰਤਾ ਪ੍ਰਬੰਧਨ ਲਈ ਵਿਕਲਪਾਂ 'ਤੇ ਚਰਚਾ ਕੀਤੀ ਹੈ? ਕੀ ਮੇਰਾ ਕਲਾਇੰਟ ਸਿਹਤ ਸੰਭਾਲ ਪ੍ਰਦਾਤਾ ਨਾਲ ਆਪਣੀਆਂ ਲੋੜਾਂ ਬਾਰੇ ਚਰਚਾ ਕਰਨ ਲਈ ਤਿਆਰ ਮਹਿਸੂਸ ਕਰਦਾ ਹੈ?

## ਸਮਰਥਨ

- ਕੀ ਮੈਂ ਉਹ ਥਾਵਾਂ ਦਾ ਦੌਰਾ ਕੀਤਾ ਹੈ ਜਾਂ ਉਹਨਾਂ ਸਾਈਟਾਂ ਨੂੰ ਫੋਨ ਕਾਲ ਕੀਤੀ ਹੈ ਜਿੱਥੇ ਮੈਂ ਆਪਣੇ ਕਲਾਇੰਟ ਨੂੰ ਭੇਜਣ ਦੀ ਯੋਜਨਾ ਬਣਾ ਰਿਹਾ ਹਾਂ?
- ਕੀ ਮੈਂ ਆਪਣੇ ਕਲਾਇੰਟ ਲਈ ਜਾਣਕਾਰੀ ਪ੍ਰਾਪਤ ਕਰਨ ਲਈ ਲੋੜੀਂਦੇ ਕਦਮ ਘਟਾ ਦਿੱਤੇ ਹਨ?
- ਕੀ ਮੇਰੇ ਕਲਾਇੰਟ ਨੂੰ ਗਰਭਪਾਤ ਪ੍ਰਕਿਰਿਆ ਲਈ ਲੋੜੀਂਦੇ ਫਾਰਮਾਂ ਨੂੰ ਸਮਝਣ ਜਾਂ ਭਰਨ ਵਿੱਚ ਸਹਾਇਤਾ ਦੀ ਲੋੜ ਹੈ?
- ਕੀ ਮੇਰੇ ਕਲਾਇੰਟ ਨੂੰ ਗਰਭਪਾਤ ਨਾਲ ਸਬੰਧਿਤ ਦਵਾਈ ਲੈਣ ਜਾਂ ਅਪੌਇੰਟਮੈਂਟ ਵਿੱਚ ਹਾਜਰ ਹੋਣ ਵਿੱਚ ਸਹਾਇਤਾ ਦੀ ਲੋੜ ਹੈ?

## ਨਸ਼ਾ ਛੁਡਾਉਣ ਲਈ ਸੇਵਾਵਾਂ

- ਕੀ ਮੇਰਾ ਕਲਾਇੰਟ ਕੋਈ ਨਸ਼ਾ ਵਰਤ ਰਿਹਾ ਹੈ? ਕੀ ਮੈਂ ਗਰਭਪਾਤ ਤੋਂ ਪਹਿਲਾਂ ਅਤੇ ਬਾਅਦ ਵਿੱਚ ਇਸਦੀ ਵਰਤੋਂ ਬਾਰੇ ਸੁਰੱਖਿਆ ਯੋਜਨਾ ਦੀ ਖੋਜ ਕੀਤੀ ਹੈ?
- ਕੀ ਮੇਰੇ ਕਲਾਇੰਟ ਨੂੰ ਗਰਭਪਾਤ ਕਰਵਾਉਣ ਲਈ ਕੁਝ ਸਮੇਂ ਲਈ ਨਸ਼ੇ ਦੀ ਵਰਤੋਂ ਬੰਦ ਕਰਨ ਦੀ ਲੋੜ ਹੈ? ਕੀ ਮੈਂ ਆਪਣੇ ਕਲਾਇੰਟ ਨੂੰ ਇਹ ਜਾਣਕਾਰੀ ਦਿੱਤੀ ਹੈ?
- ਕੀ ਮੇਰੇ ਕਲਾਇੰਟ ਕੋਲ ਗੋਲੀ ਰਾਹੀਂ ਗਰਭਪਾਤ ਪੂਰਾ ਕਰਨ ਲਈ ਸੁਰੱਖਿਅਤ ਥਾਂ ਹੈ?

## ਸਲਾਹਕਾਰ ਸੇਵਾ

- ਕੀ ਮੇਰੇ ਕਲਾਇੰਟ ਨੂੰ ਗਰਭਪਾਤ ਬਾਰੇ ਸਹੀ ਜਾਣਕਾਰੀ ਹੈ? ਕੀ ਮੈਂ ਆਪਣੇ ਕਲਾਇੰਟ ਨੂੰ ਗਰਭ ਅਵਸਥਾ ਅਤੇ ਗਰਭਪਾਤ ਦੇ ਵਿਕਲਪਾਂ ਬਾਰੇ ਸਾਰੀ ਉਪਲਬਧ ਜਾਣਕਾਰੀ ਪ੍ਰਦਾਨ ਕੀਤੀ ਹੈ?
- ਜੋ ਜਾਣਕਾਰੀ ਮੈਂ ਪ੍ਰਦਾਨ ਕਰ ਰਿਹਾ ਹਾਂ, ਕੀ ਉਹ ਮੇਰੇ ਕਲਾਇੰਟ ਲਈ ਆਸਾਨੀ ਨਾਲ ਉਪਲਬਧ ਹੈ?
- ਕੀ ਮੈਂ ਆਪਣੇ ਕਲਾਇੰਟ ਨੂੰ ਮਾਪਿਆਂ/ਸਰਪ੍ਰਸਤਾਂ/ਪਤੀ/ਪਤਨੀ ਨਾਲ ਉਹਨਾਂ ਦੇ ਵਿਕਲਪਾਂ ਬਾਰੇ ਗੱਲਬਾਤ ਲਈ ਤਿਆਰ ਕੀਤਾ ਹੈ?
- ਕੀ ਮੈਂ ਗਰਭਪਾਤ ਦੀ ਪ੍ਰਕਿਰਿਆ ਨੂੰ ਕਦਮ-ਦਰ-ਕਦਮ ਤਰੀਕੇ ਨਾਲ ਸਮਝਾਉਣ ਦੇ ਯੋਗ ਹਾਂ?
- ਕੀ ਮੈਂ ਗਰਭਪਾਤ ਤੋਂ ਬਾਅਦ ਦੇਖਭਾਲ ਪ੍ਰਾਪਤ ਕਰਨ ਲਈ ਆਪਣੇ ਕਲਾਇੰਟ ਨਾਲ ਸਹਾਇਤਾ ਦੀ ਇੱਕ ਸੂਚੀ ਤਿਆਰ ਕੀਤੀ ਹੈ?
- ਕੀ ਮੈਂ ਗਰਭਪਾਤ ਬਾਰੇ ਕੋਈ ਦੁਵਿਧਾਜਨਕ ਭਾਵਨਾਵਾਂ ਦੀ ਪੜਚੋਲ ਕੀਤੀ ਹੈ ਜੋ ਮੇਰਾ ਕਲਾਇੰਟ ਅਨੁਭਵ ਕਰ ਰਿਹਾ ਹੋ ਸਕਦਾ ਹੈ?
- ਕੀ ਮੈਂ ਪ੍ਰਜਨਨ ਜ਼ਬਰਦਸਤੀ ਜਾਂ ਹਿੰਸਾ ਲਈ ਮੁਲਾਂਕਣ ਕੀਤਾ ਹੈ ਜੋ ਮੇਰੇ ਕਲਾਇੰਟ ਦੇ ਫੈਸਲੇ ਲੈਣ ਨੂੰ ਪ੍ਰਭਾਵਿਤ ਕਰ ਸਕਦਾ ਹੈ?

## ਗਰਭਪਾਤ ਦੇ ਬਾਅਦ ਦੇਖਭਾਲ

- ਕੀ ਮੈਂ ਸਿਹਤ-ਸੰਬੰਧੀ ਲੱਛਣਾਂ, ਦਰਦ ਦੇ ਪੱਧਰਾਂ ਅਤੇ/ਜਾਂ ਗਰਭਪਾਤ ਤੋਂ ਬਾਅਦ ਦੀਆਂ ਪੇਚੀਦਗੀਆਂ ਲਈ ਨਿਗਰਾਨੀ ਕੀਤੀ ਹੈ?
- ਕੀ ਮੈਂ ਗਰਭਪਾਤ ਤੋਂ ਬਾਅਦ ਮਾਨਸਿਕ ਅਤੇ ਭਾਵਨਾਤਮਕ ਤੰਦਰੁਸਤੀ ਬਾਰੇ ਜਾਂਚ ਕੀਤੀ ਹੈ?


FACTOR-INWENTASH
FACULTY OF SOCIAL WORK
UNIVERSITY OF TORONTO

YOUTH
WELLNESS LAB

*Financial contribution:*
Health Canada Santé Canada

*Contribution financière :*
Santé Canada Health Canada

a) The views expressed herein do not necessarily represent the views of Health Canada.
b) Les opinions exprimées ici ne représentent pas nécessairement celles de Santé Canada.
c) ਇੱਥੇ ਪ੍ਰਗਟਾਏ ਗਏ ਵਿਚਾਰ ਜ਼ਰੂਰੀ ਤੌਰ 'ਤੇ ਹੈਲਥ ਕੈਨੇਡਾ ਦੇ ਵਿਚਾਰਾਂ ਨੂੰ ਦਰਸਾਉਂਦੇ ਨਹੀਂ ਹਨ ।


